# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 21 ਮਾਰਚ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਖੇਤੀ ਵਿਭਿੰਨਤਾ ਅਤੇ ਨਵੀਆਂ ਤਕਨੀਕਾਂ ਅਪਨਾਉਣ ਦੇ ਸੁਨੇਹੇ ਨਾਲ ਪੀ.ਏ.ਯੂ. ਦਾ ਦੋ ਰੋਜ਼ਾ ਕਿਸਾਨ ਮੇਲਾ ਸੰਪੰਨ ਹੋਇਆ

### ਡਿਜ਼ੀਟਲ ਖੇਤੀਬਾੜੀ ਦੀ ਪ੍ਰਦਰਸ਼ਨੀ ਨੂੰ ਕਿਸਾਨਾਂ ਨੇ ਵਿਸ਼ੇਸ਼ ਦਿਲਚਸਪੀ ਨਾਲ ਦੇਖਿਆ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 21 ਮਾਰਚ : ਪੀ.ਏ.ਯੂ. ਦੇ ਕਿਸਾਨ ਮੇਲੇ ਦੇ ਦੂਜੇ ਦਿਨ ਅੱਜ ਕਿਸਾਨਾਂ ਦਾ ਭਾਰੀ ਹਜ਼ੂਮ ਦੇਖਣ ਨੂੰ ਮਿਲਿਆ| ਰਾਜ ਭਰ ਦੇ ਵੱਖ-ਵੱਖ ਖਿੱਤਿਆਂ ਚੋਂ ਕਿਸਾਨਾਂ ਨੇ ਭਰਪੂਰ ਹਾਜ਼ਰੀ ਵਿਚ ਪੀ.ਏ.ਯੂ. ਵਿਖੇ ਲੱਗੀਆਂ ਪ੍ਰਦਰਸ਼ਨੀਆਂ ਅਤੇ ਸਟਾਲਾਂ ਨੂੰ ਦੇਖਿਆ| ਵਿਗਿਆਨਕ ਖੇਤੀ ਦੇ ਨੁਕਤਿਆਂ ਨੂੰ ਸਮਝਣ ਲਈ ਮਾਹਿਰਾਂ ਨਾਲ ਵੱਡੀ ਪੱਧਰ ਤੇ ਕਿਸਾਨਾਂ ਦਾ ਸੰਵਾਦ ਦੇਖਣ ਨੂੰ ਮਿਲਿਆ| ਇਸ ਦੌਰਾਨ ਡਿਜ਼ੀਟਲ ਖੇਤੀ ਬਾਰੇ ਲਾਈ ਪੀ.ਏ.ਯੂ. ਦੀ ਪ੍ਰਦਰਸ਼ਨੀ ਉੱਪਰ ਕਿਸਾਨਾਂ ਦਾ ਵਿਸ਼ੇਸ਼ ਇਕੱਠ ਵੇਖਣ ਨੂੰ ਮਿਲਿਆ| ਹਜ਼ਾਰਾਂ ਦੀ ਗਿਣਤੀ ਵਿਚ ਬੀਜ ਵਿਕਰੀ ਕੇਂਦਰਾਂ ਅਤੇ ਫਲਦਾਰ ਬੂਟਿਆਂ ਦੇ ਵਿਕਰੀ ਥਾਵਾਂ ਦੇ ਨਾਲ-ਨਾਲ ਖੇਤੀ ਸਾਹਿਤ, ਮਸ਼ੀਨਰੀ, ਸਰੋਤ ਪ੍ਰਬੰਧਨ ਤਕਨੀਕਾਂ ਨਾਲ ਕਿਸਾਨਾਂ ਦਾ ਜੁੜਾਵ ਦੇਖਿਆ ਗਿਆ| ਡਾ. ਅਮਰਜੀਤ ਸਿੰਘ ਖਹਿਰਾ ਓਪਨ ਏਅਰ ਥੀਏਟਰ ਵਿਚ ਹੋਏ ਵਿਸ਼ੇਸ਼ ਸਮਾਰੋਹ ਦੀ ਪ੍ਰਧਾਨਗੀ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕੀਤੀ| ਮੁੱਖ ਮਹਿਮਾਨ ਦੇ ਤੌਰ ਤੇ ਆਈ ਸੀ ਏ ਆਰ ਦੇ ਨਿਰਦੇਸ਼ਕ ਜਨਰਲ ਖੇਤੀ ਖੋਜ ਅਤੇ ਸਿੱਖਿਆ ਡਾ. ਮਾਂਗੀ ਲਾਲ ਜਾਟ, ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਉੱਘੇ ਖੇਤੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ਼੍ਰੀ ਹਰਚੰਦ ਸਿੰਘ ਬਰਸਟ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਅਤੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਤੋਂ ਇਲਾਵਾ ਅਟਾਰੀ ਦੇ ਨਿਰਦੇਸ਼ਕ ਸ਼੍ਰੀ ਪਰਵਿੰਦਰ ਸ਼ੇਰੋ, ਸਿਫਟ ਦੇ ਨਿਰਦੇਸ਼ਕ ਡਾ. ਨਚੀਕੇਤ ਕੋਤਵਾਲੀਵਾਲੇ, ਭਾਰਤੀ ਮੱਕੀ ਖੋਜ ਕੇਂਦਰ ਦੇ ਨਿਰਦੇਸ਼ਕ ਡਾ. ਐੱਚ ਐੱਸ ਜਾਟ, ਪੀ.ਏ.ਯੂ. ਦੇ ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ ਆਈ ਏ ਐੱਸ ਅਤੇ ਪ੍ਰਬੰਧਕੀ ਬੋਰਡ ਦੇ ਮੈਂਬਰਾਨ ਡਾ. ਅਸ਼ੋਕ ਕੁਮਾਰ, ਡਾ. ਦਵਿੰਦਰ ਸਿੰਘ ਚੀਮਾ, ਸ਼੍ਰੀ ਅਮਰਜੀਤ ਸਿੰਘ ਢਿੱਲੋਂ ਅਤੇ ਸ਼੍ਰੀ ਮੋਹਨ ਸਿੰਘ ਜਾਖੜ ਸ਼ਾਮਿਲ ਸਨ|




ਡਾ. ਮਾਂਗੀ ਲਾਲ ਜਾਟ ਨੇ ਆਪਣੇ ਵਿਸ਼ੇਸ਼ ਭਾਸ਼ਣ ਵਿਚ ਕਿਹਾ ਕਿ ਪੀ.ਏ.ਯੂ. ਅਤੇ ਪੰਜਾਬ ਦੋਵੇਂ ਇਕਮਿਕ ਹਨ ਅਤੇ ਇਹਨਾਂ ਬਾਰੇ ਸੋਚਣਾ ਬੜਾ ਭਾਵੁਕ ਕਿਸਮ ਦੇ ਰਿਸ਼ਤੇ ਨੂੰ ਸਾਕਾਰ ਕਰਦਾ ਹੈ| ਉਹਨਾਂ ਕਿਹਾ ਕਿ ਕਿਸਾਨ ਪ੍ਰਕਿਰਤੀ ਦਾ ਦੂਤ ਅਤੇ ਅਸਲ ਗੁਰੂ ਹੁੰਦਾ ਹੈ ਜੋ ਕਿਤਾਬਾਂ ਨਾਲੋਂ ਵੱਧ ਸਿਖਾਉਂਦਾ ਹੈ| ਮੇਲੇ ਦੇ ਉਦੇਸ਼ ਬਾਰੇ ਗੱਲ ਕਰਦਿਆਂ ਡਾ. ਜਾਟ ਨੇ ਸਥਿਰਤਾ ਅਤੇ ਖੇਤੀ ਵਿਭਿੰਨਤਾ ਨੂੰ ਅੱਜ ਦੇ ਸਮੇਂ ਦੀਆਂ ਪ੍ਰਮੁੱਖ ਜ਼ਰੂਰਤਾਂ ਕਿਹਾ ਪਰ ਨਾਲ ਹੀ ਉਹਨਾਂ ਨੇ ਕਿਹਾ ਕਿ ਇਹ ਔਖਾ ਰਸਤਾ ਹੈ ਤੇ ਔਖਾ ਰਸਤਾ ਪੰਜਾਬੀਆਂ ਲਈ ਰਾਖਵਾਂ ਹੁੰਦਾ ਹੈ| ਉਹਨਾਂ ਕਿਹਾ ਕਿ ਪੰਜਾਬ ਨੇ ਦੇਸ਼ ਦਾ ਢਿੱਡ ਭਰਨ ਦਾ ਵੱਡਮੁੱਲਾ ਕਾਰਜ ਕੀਤਾ| ਹੁਣ ਖੇਤੀ ਵਿਭਿੰਨਤਾ ਦਾ ਮਸ਼ਾਲ ਧਾਰਕ ਵੀ ਪੰਜਾਬ ਦਾ ਕਿਸਾਨ ਹੀ ਬਣੇਗਾ| ਡਾ. ਜਾਟ ਨੇ ਖੇਤੀ ਵਿਭਿੰਨਤਾ ਬਾਰੇ ਭਾਰਤ ਸਰਕਾਰ ਦੀਆਂ ਯੋਜਨਾਵਾਂ ਦਾ ਖੁਲਾਸਾ ਕਰਦਿਆਂ ਪੀ.ਏ.ਯੂ. ਨਾਲ ਰਲ ਕੇ ਇਹਨਾਂ ਯੋਜਨਾਵਾਂ ਨੂੰ ਲਾਗੂ ਕਰਨ ਦੀ ਇੱਛਾ ਪ੍ਰਗਟਾਈ| ਉਹਨਾਂ ਕਿਹਾ ਕਿ ਨਰਮਾ, ਦਾਲਾਂ, ਵੱਧ ਝਾੜ ਵਾਲੀਆਂ ਕਿਸਮਾਂ ਅਤੇ ਤੇਲਬੀਜਾਂ ਸੰਬੰਧੀ ਭਾਰਤ ਸਰਕਾਰ ਦੇ ਮਿਸ਼ਨ ਤਾਂ ਹੀ ਕਾਮਯਾਬ ਹੋਣਗੇ ਜੇਕਰ ਪੀ.ਏ.ਯੂ. ਇਹਨਾਂ ਨੂੰ ਸਹੀ ਤਰੀਕੇ ਨਾਲ ਕਿਸਾਨਾਂ ਤੱਕ ਪਹੁੰਚਾਏਗੀ| ਡਾ. ਜਾਟ ਨੇ ਮੰਡੀਕਰਨ ਦੀ ਖੋਜ ਬਾਰੇ ਨਵੀਆਂ ਵਿਧੀਆਂ ਦੀ ਲੋੜ ਉੱਪਰ ਜ਼ੋਰ ਦਿੱਤਾ| ਨਾਲ ਹੀ ਉਹਨਾਂ ਨੇ ਖਾਦਾਂ ਦੀ ਢੁੱਕਵੀਂ ਵਰਤੋਂ ਲਈ ਮਿੱਟੀ ਦੀ ਪਰਖ ਨੂੰ ਆਮ ਕਿਸਾਨ ਤੱਕ ਪਹੁੰਚਾਉਣ ਲਈ ਹੋਰ ਕੋਸ਼ਿਸ਼ਾਂ ਕਰਨ ਦੀ ਸਲਾਹ ਦਿੱਤੀ| ਉਹਨਾਂ ਕਿਹਾ ਕਿ ਜੀਵਾਣੂ ਖਾਦਾਂ ਦੀ ਵਰਤੋਂ ਬੇਹੱਦ ਉਸਾਰੂ ਢੰਗ ਨਾਲ ਖਰਚੇ ਘਟਾ ਕੇ ਮੁਨਾਫ਼ਾ ਵਧਾ ਸਕਦੀ ਹੈ| ਕੁਦਰਤੀ ਸਰੋਤਾਂ ਦੀ ਸੰਭਾਲ ਲਈ ਪੰਜਾਬ ਵੱਲੋਂ ਬੀਤੇ ਸਮੇਂ ਵਿਚ ਪਰਾਲੀ ਸੰਭਾਲ ਕਾਰਜਾਂ ਉੱਪਰ ਤਸੱਲੀ ਪ੍ਰਗਟਾਉਂਦਿਆਂ ਡਾ. ਜਾਟ ਨੇ ਇਸੇ ਤਰਜ ਤੇ ਫਾਸਫੋਰਸ ਦੀ ਸਹੀ ਵਰਤੋਂ ਵਾਸਤੇ ਬਰੀਡਿੰਗ ਪ੍ਰੋਗਰਾਮ ਵਿਚ ਸੁਧਾਰ ਦਾ ਸੁਝਾਅ ਦਿੱਤਾ| ਉਹਨਾਂ ਕਿਹਾ ਕਿ ਖੇਤੀ ਉਤਪਾਦਨ ਨੂੰ ਭੋਜਨ ਲੜੀ ਨਾਲ ਜੋੜ ਕੇ ਵਧੇਰੇ ਮੁਨਾਫ਼ੇ ਦਾ ਰਸਤਾ ਰੌਸ਼ਨ ਹੋ ਸਕਦਾ ਹੈ| ਪਾਣੀ ਦੀ ਸੰਭਾਲ ਲਈ ਉਹਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਬਾਰੇ ਮਜ਼ਬੂਤ ਯੋਜਨਾਬੰਦੀ ਵਾਸਤੇ ਵਿਚਾਰ-ਚਰਚਾ ਦਾ ਸੱਦਾ ਦਿੱਤਾ| ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮਾਹਿਰਾਂ ਨਾਲ ਦੁਵੱਲੇ ਰਿਸ਼ਤੇ ਨੂੰ ਹੋਰ ਮਜ਼ਬੂਤ ਅਤੇ ਪਕੇਰਾ ਬਨਾਉਣ|

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਅਕਾਦਮਿਕ ਪਸਾਰ ਅਤੇ ਖੋਜ ਕਾਰਜਾਂ ਦੇ ਵਿਕਾਸ ਦੇ ਨਾਲ-ਨਾਲ ਸਰਕਾਰੀ ਸਹਾਇਤਾ ਨਾਲ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਹੈ| ਵਾਈਸ ਚਾਂਸਲਰ ਨੇ ਦੱਸਿਆ ਕਿ 1967 ਤੋਂ ਲੱਗਣ ਵਾਲੇ ਕਿਸਾਨ ਮੇਲਿਆਂ ਨੂੰ ਆਨਲਾਈਨ ਪ੍ਰਸਾਰਿਤ ਕਰਨ ਨਾਲ ਦੇਸ਼-ਵਿਦੇਸ਼ ਤੱਕ ਇਹਨਾਂ ਦੀ ਰਸਾਈ ਹੋਈ ਹੈ| ਉਹਨਾਂ ਕਣਕ ਦੇ ਸਿੱਟਿਆਂ ਦੇ ਜਾਮਨੀ ਰੰਗ ਵਟਾਉਣ ਨੂੰ ਕਿਸੇ ਖਤਰੇ ਦਾ ਸੰਕੇਤ ਨਾ ਮੰਨਣ ਲਈ ਕਿਸਾਨਾਂ ਨੂੰ ਅਗਾਹ ਕੀਤਾ ਅਤੇ ਮੌਸਮ ਦੀ ਅਨੁਕੂਲਤਾ ਦੀ ਕਾਮਨਾ ਕੀਤੀ| ਵਾਈਸ ਚਾਂਸਲਰ ਨੇ ਨਰਮੇ ਦੇ ਬਦਲ ਵਜੋਂ ਦੇਸੀ ਕਪਾਹ ਕਾਸ਼ਤ ਕਰਨ ਲਈ ਕਿਹਾ| ਉਹਨਾਂ ਨੇ ਆਲੂਆਂ ਦੀਆਂ ਕਿਸਮਾਂ ਸੰਬੰਧੀ ਹੋ ਰਹੀ ਖੋਜ ਬਾਰੇ ਜਾਣਕਾਰੀ ਦਿੱਤੀ ਅਤੇ ਨਵੇਂ ਯੁੱਗ ਦੇ ਖੇਤੀ ਕਾਰਜਾਂ ਨੂੰ ਕਿਸਾਨੀ ਵਿਹਾਰ ਦਾ ਹਿੱਸਾ ਬਨਾਉਣ ਲਈ ਹੁਨਰ ਵਿਕਾਸ ਪ੍ਰੋਗਰਾਮ ਨਾਲ ਜੁੜਨ ਅਤੇ ਸਿਖਲਾਈ ਹਾਸਲ ਕਰਨ ਲਈ ਨੌਜਵਾਨ ਕਿਸਾਨਾਂ ਨੂੰ ਪ੍ਰੇਰਿਤ ਕੀਤਾ|

ਡਾ. ਗੋਸਲ ਨੇ ਕਿਹਾ ਕਿ ਬੱਲੋਵਾਲ ਸੌਂਖੜੀ ਦੇ ਖੇਤੀਬਾੜੀ ਕਾਲਜ ਅਤੇ ਪੀ.ਏ.ਯੂ. ਦੇ ਖੇਤੀਬਾੜੀ ਕਾਲਜ ਵਿਚ ਪੰਜਾਬ ਦੇ ਕਿਸਾਨਾਂ ਦੇ ਬੱਚਿਆਂ ਨੂੰ ਖੇਤੀ ਵਿੱਦਿਆ ਦੇਣ ਦੇ ਉਦੇਸ਼ ਨਾਲ 10 ਫੀਸਦੀ ਸੀਟਾਂ ਰਾਖਵੀਂਆਂ ਕੀਤੀਆਂ ਗਈਆਂ ਹਨ| ਇਸਦਾ ਉਦੇਸ਼ ਆਉਂਦੀਆਂ ਪੀੜੀਆਂ ਨੂੰ ਵਿਗਿਆਨਕ ਖੇਤੀ ਨਾਲ ਭਰਪੂਰ ਕਰਕੇ ਪੰਜਾਬ ਦਾ ਭਵਿੱਖ ਸੁਰੱਖਿਅਤ ਕਰਨਾ ਹੈ|

ਮੰਡੀ ਬੋਰਡ ਦੇ ਚੇਅਰਮੈਨ ਸ਼੍ਰੀ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਕਿਸਾਨ ਮੇਲਾ ਪੰਜਾਬ ਦੀ ਤਰੱਕੀ, ਖੇਤੀ ਵਿਕਾਸ ਅਤੇ ਉੱਦਮ ਲਈ ਚਰਚਾ ਦਾ ਇਕ ਮੰਚ ਹੈ| ਉਹਨਾਂ ਕਿਹਾ ਕਿ ਇਸ ਖੇਤਰ ਵਿਚ ਵੀ ਏ ਆਈ ਵਰਗੀਆਂ ਨਵੀਆਂ ਤਕਨੀਕਾਂ ਸ਼ਾਮਿਲ ਹੋ ਰਹੀਆਂ ਹਨ| ਇਸਦੇ ਮੱਦੇਨਜ਼ਰ ਖੇਤੀ ਵਿਚ ਰੁਜ਼ਗਾਰ ਦੇ ਵਧੇਰੇ ਮੌਕੇ ਹਨ| ਉਹਨਾਂ ਨੇ ਢੁਕਵੇਂ ਮੰਡੀਕਰਨ ਲਈ ਸਰਕਾਰੀ ਯਤਨਾਂ ਬਾਰੇ ਦੱਸਦਿਆਂ ਕਿਹਾ ਕਿ ਰਾਸ਼ਟਰੀ ਮੰਡੀਕਰਨ ਨੀਤੀ ਵਿਚ ਵੀ ਲੋੜੀਂਦੇ ਸੁਧਾਰ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਲਾਭ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ| ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕਿਸਾਨੀ ਦੀ ਭਲਾਈ ਲਈ ਜੋ ਕਾਰਜ ਕੀਤੇ ਗਏ ਉਹਨਾਂ ਦਾ ਨਤੀਜਾ ਸਾਹਮਣੇ ਆ ਰਿਹਾ ਹੈ| ਰਾਜ ਸਭਾ ਵਿਚ ਬੀਤੇ ਦਿਨੀਂ ਪੇਸ਼ ਕੀਤੀ ਗਈ ਇਕ ਰਿਪੋਰਟ ਵਿਚ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਵਾਧਾ ਵੇਖਣ ਨੂੰ ਮਿਲਿਆ ਹੈ| ਸ਼੍ਰੀ ਬਰਸਟ ਨੇ ਕਿਹਾ ਕਿ ਯੂਨੀਵਰਸਿਟੀ ਦੀ ਖੋਜ ਦੀ ਅਸਲ ਪਰਖ ਕਿਸਾਨ ਦੇ ਖੇਤਾਂ ਵਿਚ ਹੋਵੇਗੀ ਇਸਲਈ ਕਿਸਾਨਾਂ ਨੂੰ ਮਾਹਿਰਾਂ ਨਾਲ ਸੰਵਾਦ ਅਤੇ ਸਹਿਚਾਰ ਦੇ ਰਿਸ਼ਤੇ ਵਿਚ ਬੱਝਣਾ ਲਾਜ਼ਮੀ ਹੈ|

ਖੋਜ ਨਿਰਦੇਸ਼ਕ ਡਾ. ਅਜਮੇਰ ਸਿੰਘ ਢੱਟ ਨੇ ਪੀ.ਏ.ਯੂ. ਵੱਲੋਂ ਪਿਛਲੇ ਛੇ ਮਹੀਨਿਆਂ ਵਿਚ ਸਿਫ਼ਾਰਸ਼ ਲਈ ਵਿਕਸਿਤ ਕੀਤੀਆਂ ਨਵੀਆਂ ਕਿਸਮਾਂ, ਉਤਪਾਦਨ ਤਕਨੀਕਾਂ, ਪੌਦ ਸੁਰੱਖਿਆ ਤਕਨੀਕਾਂ ਅਤੇ ਹੋਰ ਸਿਫ਼ਾਰਸ਼ਾਂ ਸਾਂਝੀਆਂ ਕੀਤੀਆਂ| ਨਵੀਆਂ ਕਿਸਮਾਂ ਵਿਚ ਉਹਨਾਂ ਝੋਨੇ ਦੀ ਕਿਸਮ ਪੀ ਆਰ 133 ਦਾ ਜ਼ਿਕਰ ਕੀਤਾ ਜੋ ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ, ਮਿਆਰੀ ਚੌਲਾਂ ਵਾਲੀ ਅਤੇ ਵੱਖ-ਵੱਖ ਖੋਜ ਤਜਰਬਿਆਂ ਵਿੱਚੋਂ ਉੱਤਮ ਪਾਈ ਗਈ ਦਰਮਿਆਨੇ ਸਮੇਂ ਦੀ ਕਿਸਮ ਹੈ| ਕਪਾਹ ਦੀ ਦੇਸੀ ਕਿਸਮ ਪੀ ਬੀ ਡੀ 88 ਦਾ ਜ਼ਿਕਰ ਕਰਦਿਆਂ ਡਾ. ਢੱਟ ਨੇ ਦੱਸਿਆ ਕਿ ਇਹ ਕਿਸਮ 28 ਕੁਇੰਟਲ ਪ੍ਰਤੀ ਹੈਕਟੇਅਰ ਝਾੜ ਵਾਲੀ ਅਤੇ ਰੂੰ ਦੇ ਵਧੇਰੇ ਕਸ ਵਾਲੀ ਕਿਸਮ ਹੈ| ਚਿੱਟੀ ਮੱਖੀ ਅਤੇ ਸੋਕੇ ਵਾਲੀਆਂ ਬਿਮਾਰੀਆਂ ਦਾ ਇਸ ਉੱਪਰ ਕੋਈ ਅਸਰ ਨਹੀਂ ਹੁੰਦਾ| ਇਸੇ ਤਰ੍ਹਾਂ ਮੱਕੀ ਦੀ ਕਿਸਮ ਐੱਨ ਕੇ 7328 ਦਾ ਜ਼ਿਕਰ ਵੀ ਨਿਰਦੇਸ਼ਕ ਖੋਜ ਨੇ ਵਿਸ਼ੇਸ਼ ਰੂਪ ਵਿਚ ਕੀਤਾ| ਉਤਪਾਦਨ ਤਕਨੀਕਾਂ ਵਿਚ ਬੈੱਡਾਂ ਉੱਪਰ ਪਨੀਰੀ ਦੀ ਲਵਾਈ ਦੀ ਤਕਨੀਕ ਸਿੱਧੀ ਬਿਜਾਈ ਵਾਲੇ ਝੋਨੇ ਵਿਚ ਕਣਕ ਦੇ ਨਾੜ ਦੀ ਮਲਚ ਵਜੋਂ ਵਰਤੋਂ ਮੱਕੀ/ਅਰਹਰ-ਕਣਕ ਦੀ ਬਿਜਾਈ ਦੀ ਤਕਨੀਕ ਪ੍ਰਮੁੱਖ ਸਨ| ਇਸ ਤੋਂ ਇਲਾਵਾ ਉਹਨਾਂ ਨੇ ਝੋਨੇ ਦੇ ਮਧਰੇਪਣ ਦੇ ਰੋਗ ਦੀ ਰੋਕਥਾਮ ਲਈ ਨਵੀਆਂ ਸਿਫ਼ਾਰਸ਼ਾਂ ਸਾਂਝੀਆਂ ਕੀਤੀਆਂ|

ਸਵਾਗਤ ਦੇ ਸ਼ਬਦ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਹੇ| ਅੰਤ ਵਿਚ ਡਾ. ਤਰਸੇਮ ਸਿੰਘ ਢਿੱਲੋਂ ਨੇ ਸਭ ਦਾ ਧੰਨਵਾਦ ਕੀਤਾ| ਸਮਾਰੋਹ ਦਾ ਸੰਚਾਲਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਕੀਤਾ| ਇਸ ਮੌਕੇ ਕਿਸਾਨਾਂ ਲਈ ਰੰਗਾਰੰਗ ਸਮਾਗਮ ਵੀ ਵੱਖ-ਵੱਖ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ| ਪੀ.ਏ.ਯੂ. ਦਾ ਖੇਤੀ ਸਾਹਿਤ ਪ੍ਰਧਾਨਗੀ ਮੰਡਲ ਨੇ ਆਪਣੇ ਕਰ-ਕਮਲਾਂ ਨਾਲ ਲੋਕ ਅਰਪਿਤ ਕੀਤਾ|

## ਅਮਰ ਗਰਗ ਕਲਮਦਾਨ ਦਾ ਨਿਵੇਕਲੀ ਜਿੱਤ ਤੇ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ



ਸੰਗਰੂਰ 21 ਮਾਰਚ : ਪੰਜਾਬੀ ਸਾਹਿਤ ਅਕਾਡਮੀ ਦੀ ਚੋਣਾ ਵਿੱਚ ਲੋਕਤੰਤਰ ਦੀ ਬਹਾਲੀ ਦਾ ਨਾਅਰਾ ਲਾਕੇ ਅਮਰ ਗਰਗ ਕਲਮਦਾਨ ਨੇ ਇੱਕ ਰਿਕਾਰਡ ਕਾਇਮ ਕਰਦੇ ਹੋਏ ਆਪਣੇ ਆਪ ਨੂੰ ਜੇਤੂ ਕਰਾਰ ਦਿੱਤਾ ਹੈ।ਇਸ ਪ੍ਰਕ੍ਰਿਆ ਉਪਰੰਤ ਬੁਧੀਜੀਵੀਆਂ, ਸਾਹਿਤਕਾਰਾਂ ਅਤੇ ਚਿੰਤਕਾਂ ਦੇ ਰੂਬਰੂ ਹੋਏ। ਉਨਾ ਨੇ ਆਪਣੇ ਭਵਿੱਖ ਦੇ ਟੀਚਿਆ ਬਾਰੇ ਦੱਸਿਆ। ਉਨ੍ਹਾ ਨੇ ਕਿਹਾ ਆਉਣ ਵਾਲੇ ਸਮੇ ਵਿੱਚ ਵਿਸ਼ਵ ਪੱਧਰ ਉੱਪਰ ਗੁਰਮੁੱਖੀ ਨੂੰ ਅਧਿਕਾਰਤ ਲਿੱਪੀ ਸਥਾਪਤ ਕਰਨ ਲਈ ਧਰਮ ਯੁੱਧ ਆਰੰਭਣਗੇ। ਬੁੱਧੀਜੀਵੀਆ ਵਿੱਚ ਨਿਹਾਲ ਸਿੰਘ ਮਾਨ, ਡਾ ਭਗਵੰਤ ਸਿੰਘ, ਗੁਰਨਾਮ ਸਿੰਘ, ਜਗਦੀਪ ਸਿੰਘ ਗੰਧਾਰਾ, ਗਰੇਵਰ, ਸੁੱਖਵੀਰ ਸਿੰਘ, ਅਵਤਾਰ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਡਾ ਦਵਿੰਦਰ ਕੌਰ ਨੇ ਵੀ ਕਲਮਦਾਨ ਨਾਲ ਵਿਚਾਰ ਚਰਚਾ ਕਰਕੇ ਸੰਵਾਦ ਰਚਾਇਆ। ਬੁੱਧੀਜੀਵੀਆ ਨੇ 1947 ਵਿਚ ਕਬਾਇਲੀਆਂ ਤੋਂ ਕਸ਼ਮੀਰ ਨੂੰ ਬਚਾਉਣ ਵਾਲੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਸੇਖੋ ਦੀ ਤਸਵੀਰ ਅਤੇ ਫੁੱਲਕਾਰੀ ਭੇਟ ਕਰਕੇ ਸਨਮਾਨ ਕੀਤਾ।

## ਮਿਲੇਨੀਅਮ ਸਕੂਲ ਵਿਦਿਆਰਥੀਆਂ ਲਈ ਇੱਕ ਵਿਲੱਖਣ ਅਤੇ ਆਧੁਨਿਕ ਬੋਰਡਿੰਗ ਤਜਰਬਾ ਪ੍ਰਦਾਨ ਕਰ ਰਿਹਾ : ਸ਼ਰਮਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 21 ਮਾਰਚ : ਮੋਗਾ-ਕੋਟਕਪੂਰਾ ਰੋਡ ’ਤੇ ਪੰਜਗਰਾਈਂ ਕਲਾਂ ਪਿੰਡ ਦੇ ਨੇੜੇ ਸਥਿੱਤ ਇਲਾਕੇ ਦਾ ਪ੍ਰਸਿੱਧ ਸ਼ੈੱਖਿਕ ਸੰਸਥਾਨ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਕੋਟਕਪੂਰਾ ਵਿਦਿਆਰਥੀਆਂ ਲਈ ਇੱਕ ਵਿਲੱਖਣ ਅਤੇ ਆਧੁਨਿਕ ਬੋਰਡਿੰਗ ਤਜਰਬਾ ਪ੍ਰਦਾਨ ਕਰ ਰਿਹਾ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਡਾਇਰੈਕਟਰ, ਰਕਸ਼ੰਦਾ ਸ਼ਰਮਾ ਨੇ ਦੱਸਿਆ ਕਿ “ਸਿਰਫ਼ ਸਕੂਲ ਨਹੀਂ, ਸਗੋਂ ਦੂਜਾ ਘਰ” ਦੇ ਮੰਤਵ ਨਾਲ ਸਕੂਲ ਨੇ ਵਿਦਿਆਰਥੀਆਂ ਦੀ ਸੁਰੱਖਿਆ, ਆਰਾਮ ਅਤੇ ਸਮੂਹਿਕ ਵਿਕਾਸ ਨੂੰ ਪ੍ਰਾਥਮਿਕਤਾ ਦਿੱਤੀ ਹੈ। ਸਕੂਲ ਵੱਲੋਂ ਦਿੱਤੀ ਜਾ ਰਹੀ ਵੀਕਲੀ ਬੋਰਡਿੰਗ ਸਹੂਲਤ ਖਾਸ ਤੌਰ ’ਤੇ ਉਹਨਾਂ ਮਾਪਿਆਂ ਲਈ ਲਾਭਦਾਇਕ ਹੈ ਜੋ ਆਪਣੇ ਬੱਚਿਆਂ ਲਈ ਸੁਰੱਖਿਅਤ ਅਤੇ ਸੰਭਾਲ ਵਾਲਾ ਮਾਹੌਲ ਚਾਹੁੰਦੇ ਹਨ। ਇਸ ਸਹੂਲਤ ਨਾਲ ਵਿਦਿਆਰਥੀ ਹਫ਼ਤੇ ਦੌਰਾਨ ਸਕੂਲ ਵਿੱਚ ਰਹਿ ਕੇ ਪੜ੍ਹਾਈ ਅਤੇ ਗਤੀਵਿਧੀਆਂ ’ਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਨ, ਜਦਕਿ ਹਫ਼ਤੇ ਦੇ ਅੰਤ ’ਤੇ ਘਰ ਨਾਲ ਸਮਾਂ ਬਤੀਤ ਕਰ ਸਕਦੇ ਹਨ। ਸਕੂਲ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਇੱਥੇ ਵਿਦਿਆਰਥੀਆਂ ਲਈ ਇੱਕ ਸੰਤੁਲਿਤ ਦਿਨਚਰਿਆ ਤਿਆਰ ਕੀਤੀ ਗਈ ਹੈ, ਜਿਸ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਅਨੁਸ਼ਾਸਨ ਅਤੇ ਜੀਵਨ ਕੁਸ਼ਲਤਾਵਾਂ ਦਾ ਵੀ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਇਹ ਪ੍ਰਣਾਲੀ ਵਿਦਿਆਰਥੀਆਂ ਨੂੰ ਖੁਦਮੁਖਤਿਆਰ ਬਣਾਉਣ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ। ਸਕੂਲ ਪ੍ਰਬੰਧਨ ਨੇ ਇਹ ਵੀ ਕਿਹਾ ਕਿ ਉਹ ਮਾਪਿਆਂ ਦੀਆਂ ਉਮੀਦਾਂ ’ਤੇ ਖਰਾ ਉਤਰਣ ਲਈ ਹਰ ਸੰਭਵ ਯਤਨ ਕਰ ਰਹੇ ਹਨ ਅਤੇ ਵਿਦਿਆਰਥੀਆਂ ਨੂੰ ਘਰ ਵਰਗਾ ਪਿਆਰ ਅਤੇ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।ਅੰਤ ਵਿੱਚ, ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਗਈ ਹੈ, ਜੋ ਆਪਣੇ ਬੱਚਿਆਂ ਲਈ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਸੁਰੱਖਿਅਤ ਬੋਰਡਿੰਗ ਮਾਹੌਲ ਦੀ ਭਾਲ ਕਰ ਰਹੇ ਹਨ, ਉਹ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਕੋਟਕਪੂਰਾ ਨਾਲ ਸੰਪਰਕ ਕਰ ਸਕਦੇ ਹਨ।

## ਦ ਆਕਸਫੋਰਡ ਸਕੂਲ ਵਿਖੇ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 21 ਮਾਰਚ : ਬੀਤੇ ਦਿਨੀਂ ‘ਬਾਣੀ ਗੁਰੂ, ਗੁਰੂ ਹੈ ਬਾਣੀ’ ਦੇ ਮਹਾਂਵਾਕ ਅਨੁਸਾਰ ਅਥਾਹ ਸ਼ਰਧਾ ਰੱਖਦੇ ਹੋਏ ‘ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ’ ਵੱਲੋਂ ਸਕੂਲ ਦੇ ਵਿਹੜੇ ਵਿੱਚ ਬੜੀ ਸ਼ਰਧਾ ਨਾਲ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਧਾਰਮਿਕ ਕਾਰਜ ਅਸਲ ਵਿੱਚ ਵਿੱਦਿਅਕ ਸੈਸ਼ਨ 2025-26 ਦੀ ਸ਼ਾਨਦਾਰ ਸਮਾਪਤੀ ਲਈ ਅਤੇ ਸੈਸ਼ਨ 2026-27 ਦੀ ਸੁਖਮਈ ਸ਼ੁਰੂਆਤ ਅਤੇ ਚੜ੍ਹਦੀ ਕਲਾ ਲਈ ਪ੍ਰਮਾਤਮਾ ਦਾ ਅਸ਼ੀਰਵਾਦ ਲੈਣ ਲਈ ਕੀਤਾ ਗਿਆ ਇੱਕ ਛੋਟਾ ਜਿਹਾ ਉਪਰਾਲਾ ਸੀ। ਅਖੰਡ ਪਾਠ ਸਾਹਿਬ ਜੀ ਦੇ ਪਾਠ 19 ਮਾਰਚ 2026 ਦਿਨ ਵੀਰਵਾਰ ਨੂੰ ਪ੍ਰਕਾਸ਼ ਹੋਏ ਅਤੇ ਇਨ੍ਹਾਂ ਦੇ ਭੋਗ 21 ਮਾਰਚ ਦਿਨ ਸ਼ਨੀਵਾਰ ਨੂੰ ਪਾਏ ਗਏ। ਇਸ ਸਮੇਂ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ),



ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ‘ਸ਼ੈਰੀ ਢਿੱਲੋਂ’ (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਪ੍ਰਿੰਸੀਪਲ ਰੂਪ ਲਾਲ ਬਾਂਸਲ, ਕੋਆਰਡੀਨੇਟਰਜ਼, ਸਮੂਹ ਸਕੂਲ ਸਟਾਫ਼ ਮੈਂਬਰ, ਇਸ ਅਦਾਰੇ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜੇ ਮੈਂਬਰ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਪਣੀ ਹਾਜ਼ਰੀ ਲਗਵਾਈ। ਜ਼ਿਕਰਯੋਗ ਹੈ ਕਿ ‘ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈਕਾ’ ਹਰ ਸਾਲ ਆਪਣੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾ ਕੇ ਕਰਦਾ ਹੈ ਤਾਂ ਕਿ ਆਉਣ ਵਾਲਾ ਸੈਸ਼ਨ ਬਿਨਾਂ ਕਿਸੇ ਰੁਕਾਵਟ ਜਾਂ ਅੜਚਨ ਦੇ ਛਾਲਾਂ ਮਾਰਦਾ ਅੱਗੇ ਵੱਧਦਾ ਹੋਇਆ ਨੇਪਰੇ ਚੜ੍ਹੇ। ਇਸ ਕਾਰਜ ਵਿੱਚ ਇਸ ਸੰਸਥਾ ਦੀ ਤਰੱਕੀ, ਸਫਲਤਾ, ਇਸ ਨਾਲ ਜੁੜੇ ਹਰ ਮੈਂਬਰ ਦੀ ਸਿਹਤਯਾਬੀ ਦੀ ਅਰਦਾਸ ਕੀਤੀ ਹੋਈ। ਇਸ ਸ਼ੁੱਭ ਅਵਸਰ ਤੇ ਵਿਦਿਆਰਥੀਆਂ ਨੇ ਕੋਈ ਬੋਲੇ ਰਾਮ-ਰਾਮ ਅਤੇ ਜਾ ਤੂੰ ਮੇਰੇ ਵਲਿ ਹੈ, ਸ਼ਬਦ ਬੜੀ ਹੀ ਰਸਮਈ ਆਵਾਜ਼ ਵਿੱਚ ਗਾਇਨ ਕੀਤੇ। ਇਸ ਤੋਂ ਬਿਨ੍ਹਾਂ ਵਿਦਿਆਰਥੀਆਂ ਨੇ ਕਵੀਸ਼ਰੀ ਪੇਸ਼ ਕਰਕੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਕੂਲ ਦੇ ਪ੍ਰਿੰਸੀਪਲ ਸਾਹਿਬ ਰੂਪ ਲਾਲ ਬਾਂਸਲ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਹਾਨ ਰੂਹਾਨੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਨਾਲ ਇਹ ਸੰਸਥਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ ਅਤੇ ਅੱਜ ਅਸੀਂ ਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਆਪਣਾ ਮਿਹਰ ਭਰਿਆ ਹੱਥ ਇਸ ਸੰਸਥਾ ਉੱਪਰ ਅਤੇ ਇਸਦੇ ਹਰੇਕ ਮੈਂਬਰ ਉੱਪਰ ਸਦਾ ਰੱਖਣ। ਵਿਦਿਆਰਥੀਆਂ ਨੂੰ ਨਵੀਂ ਚੇਤਨਾ ਅਤੇ ਉਤਸ਼ਾਹ ਨਾਲ ਗੁਰੂ ਜੀ ਦਾ ਓਟ ਆਸਰਾ ਲੈ ਕੇ ਨਵੇਂ ਸੈਸ਼ਨ ਦੀ ਸ਼ੁਰੂਆਤ ਕਰਨ ਲਈ ਕਿਹਾ। ਭੋਗ ਦੀ ਸਮਾਪਤੀ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਆਈ ਹੋਈ ਸਮੂਹ ਸੰਗਤ ਨੇ ਪੰਗਤ ਪ੍ਰਥਾ ਨੂੰ ਜਾਰੀ ਰੱਖਦੇ ਹੋਏ ਪੰਗਤਾਂ ਵਿੱਚ ਬੈਠ ਕੇ ਸ਼ਰਧਾ ਨਾਲ ਲੰਗਰ ਛਕਿਆ। ਇਸ ਕਾਰਜ ਵਿੱਚ ਸੰਸਥਾ ਦੇ ਡਰਾਈਵਰ ਵੀਰਾਂ ਅਤੇ ਸਹਾਇਕ ਕਰਮਚਾਰੀਆਂ ਨੇ ਆਪਣੀ ਅਣਥੱਕ ਸੇਵਾ ਨਿਭਾਈ। ਇਸ ਤਰ੍ਹਾਂ ਸਮੂਹ ਪ੍ਰਬੰਧਕ ਕਮੇਟੀ ਦੇ ਮੈਬਰ ਸਾਹਿਬਾਨ, ਪ੍ਰਿੰਸੀਪਲ ਸਾਹਿਬ, ਕੋਆਰਡੀਨੇਟਰਜ਼, ਸਮੂਹ ਸਕੂਲ ਸਟਾਫ਼ ਮੈਂਬਰ ਅਤੇ ਇਸ ਸੰਸਥਾ ਦੇ ਨਾਲ ਜੁੜੇ ਹਰੇਕ ਮੈਂਬਰ ਦੇ ਅਥੱਕ ਸਹਿਯੋਗ ਨਾਲ ਇਹ ਧਾਰਮਿਕ ਕਾਰਜ ਸਫਲਤਾ ਪੂਰਵਕ ਨੇਪਰੇ ਚੜ੍ਹਿਆ।

# ਅੱਜ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਜੀਵਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ.....?

ਵਰਲਡ ਪੰਜਾਬੀ ਟਾਈਮਜ਼
ਸੰਦੀਪ ਦਿਉੜਾ



ਭਾਰਤ ਦੇ ਆਜ਼ਾਦੀ ਸੰਘਰਸ਼ ਦਾ ਇਤਿਹਾਸ ਬਹੁਤ ਹੀ ਮਹਾਨ ਅਤੇ ਪ੍ਰੇਰਣਾਦਾਇਕ ਹੈ। ਇਸ ਸੰਘਰਸ਼ ਵਿੱਚ ਕਈ ਮਹਾਨ ਯੋਧਿਆਂ ਨੇ ਆਪਣੇ ਜੀਵਨ ਦੀ ਬਲੀ ਦਿੱਤੀ, ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਂ ਸਭ ਤੋਂ ਉੱਚੇ ਸਥਾਨ 'ਤੇ ਆਉਂਦਾ ਹੈ। ਉਹ ਸਿਰਫ਼ ਇਕ ਕ੍ਰਾਂਤੀਕਾਰੀ ਹੀ ਨਹੀਂ ਸਨ, ਸਗੋਂ ਇਕ ਉੱਚ ਵਿਚਾਰਾਂ ਵਾਲੇ ਯੁਵਕ, ਵੱਡੇ ਪਾਠਕ, ਲੇਖਕ ਅਤੇ ਸੋਚਵਾਨ ਵੀ ਸਨ। ਭਗਤ ਸਿੰਘ ਨੇ ਸਿਰਫ਼ 23 ਸਾਲ ਦੀ ਉਮਰ ਵਿੱਚ ਦੇਸ਼ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।

ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ—ਜਿਵੇਂ ਬੇਰੁਜ਼ਗਾਰੀ, ਨਸ਼ਾ, ਦਿਸ਼ਾ ਦੀ ਕਮੀ ਅਤੇ ਸਮਾਜਿਕ ਸਮੱਸਿਆਵਾਂ—ਉਸ ਵੇਲੇ ਭਗਤ ਸਿੰਘ ਦਾ ਜੀਵਨ ਇਕ ਪ੍ਰੇਰਣਾ ਦਾ ਸਰੋਤ ਬਣ ਸਕਦਾ ਹੈ। ਉਹਨਾਂ ਦੇ ਵਿਚਾਰ, ਹਿੰਮਤ, ਸਿੱਖਿਆ ਪ੍ਰਤੀ ਲਗਨ ਅਤੇ ਦੇਸ਼ ਪ੍ਰਤੀ ਪਿਆਰ ਅੱਜ ਵੀ ਨੌਜਵਾਨਾਂ ਨੂੰ ਸਹੀ ਰਾਹ ਦਿਖਾਉਂਦੇ ਹਨ।
ਅੱਜ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਸਿੱਖਣਾ ਚਾਹੀਦਾ ਹੈ ਅਤੇ ਉਹਨਾਂ ਦੇ ਆਦਰਸ਼ਾਂ ਨੂੰ ਅਪਣਾਕੇ ਆਪਣਾ ਅਤੇ ਦੇਸ਼ ਦਾ ਭਵਿੱਖ ਉਹ ਕਿਵੇਂ ਸੁਧਾਰ ਸਕਦੇ ਹਨ। ਦੇਸ਼ ਪ੍ਰੇਮ ਦੀ ਭਾਵਨਾ ਭਗਤ ਸਿੰਘ ਦੇ ਜੀਵਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਉਹਨਾਂ ਦਾ ਦੇਸ਼ ਪ੍ਰੇਮ ਸੀ। ਉਹ ਆਪਣੇ ਦੇਸ਼ ਨੂੰ ਗੁਲਾਮੀ ਤੋਂ ਆਜ਼ਾਦ ਦੇਖਣਾ ਚਾਹੁੰਦੇ ਸਨ। ਬਚਪਨ ਤੋਂ ਹੀ ਉਹਨਾਂ ਦੇ ਮਨ ਵਿੱਚ ਦੇਸ਼ ਪ੍ਰਤੀ ਪਿਆਰ ਸੀ।ਕਿਹਾ ਜਾਂਦਾ ਹੈ ਕਿ ਜਦੋਂ ਉਹ ਛੋਟੇ ਸਨ ਤਾਂ ਉਹ ਖੇਤਾਂ ਵਿੱਚ ਬੰਦੂਕਾਂ ਬੀਜਣ ਦੀ ਗੱਲ ਕਰਦੇ ਸਨ ਤਾਂ ਜੋ ਭਵਿੱਖ ਵਿੱਚ ਅੰਗਰੇਜ਼ਾਂ ਨਾਲ ਲੜ ਸਕਣ।
ਨੌਜਵਾਨਾਂ ਲਈ ਇਹ ਸਬਕ ਹੈ ਕਿ ਉਹ ਆਪਣੇ ਦੇਸ਼ ਨਾਲ ਪਿਆਰ ਕਰਨ।ਦੇਸ਼ ਪ੍ਰੇਮ ਸਿਰਫ਼ ਜੰਗ ਲੜਨ ਨਾਲ ਨਹੀਂ ਹੁੰਦਾ,ਸਗੋਂ ਦੇਸ਼ ਦੀ ਤਰੱਕੀ ਲਈ ਕੰਮ ਕਰਨ ਨਾਲ ਹੁੰਦਾ ਹੈ। ਅੱਜ ਦੇ ਨੌਜਵਾਨ ਆਪਣੀ ਪੜ੍ਹਾਈ ਇਮਾਨਦਾਰੀ ਨਾਲ ਕਰਕੇ, ਸਮਾਜ ਦੀ ਸੇਵਾ ਕਰ ਸਕਦੇ ਹਨ ਤਦ ਉਹ ਵੀ ਦੇਸ਼ ਪ੍ਰੇਮ ਦੀ ਮਿਸਾਲ ਬਣ ਸਕਦੇ ਹਨ।

### ਨਿਡਰਤਾ ਅਤੇ ਹਿੰਮਤ

ਭਗਤ ਸਿੰਘ ਬਹੁਤ ਨਿਡਰ ਅਤੇ ਬਹਾਦਰ ਸਨ। ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਦੇ ਖਿਲਾਫ਼ ਖੁੱਲ੍ਹ ਕੇ ਆਵਾਜ਼ ਉਠਾਈ। ਉਹ ਜਾਣਦੇ ਸਨ ਕਿ ਉਹਨਾਂ ਦੇ ਕੰਮਾਂ ਦਾ ਨਤੀਜਾ ਮੌਤ ਵੀ ਹੋ ਸਕਦੀ ਹੈ, ਪਰ ਫਿਰ ਵੀ ਉਹ ਪਿੱਛੇ ਨਹੀਂ ਹਟੇ।
ਅੱਜ ਦੇ ਨੌਜਵਾਨਾਂ ਲਈ ਇਹ ਬਹੁਤ ਵੱਡਾ ਸਬਕ ਹੈ ਕਿ ਜੀਵਨ ਵਿੱਚ ਹਿੰਮਤ ਨਾਲ ਕੰਮ ਲੈਣਾ ਚਾਹੀਦਾ ਹੈ। ਜੇ ਕਿਸੇ ਸਮਾਜਿਕ ਬੁਰਾਈ ਨੂੰ ਦੇਖਦੇ ਹੋ ਤਾਂ ਉਸ ਦੇ ਖਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਡਰ ਕਰਕੇ ਚੁੱਪ ਰਹਿਣਾ ਸਮੱਸਿਆਵਾਂ ਨੂੰ ਵਧਾਉਂਦਾ ਹੈ, ਜਦਕਿ ਹਿੰਮਤ ਨਾਲ ਖੜ੍ਹਾ ਹੋਣਾ ਸਮਾਜ ਨੂੰ ਬਦਲ ਸਕਦਾ ਹੈ।

### ਸਿੱਖਿਆ ਅਤੇ ਗਿਆਨ ਦੀ ਮਹੱਤਤਾ

ਬਹੁਤ ਸਾਰੇ ਲੋਕ ਭਗਤ ਸਿੰਘ ਨੂੰ ਸਿਰਫ਼ ਕ੍ਰਾਂਤੀਕਾਰੀ ਦੇ ਰੂਪ ਵਿੱਚ ਜਾਣਦੇ ਹਨ, ਪਰ ਉਹ ਇਕ ਮਹਾਨ ਪਾਠਕ ਵੀ ਸਨ। ਉਹਨਾਂ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ। ਉਹ ਇਤਿਹਾਸ, ਰਾਜਨੀਤੀ, ਅਰਥਸ਼ਾਸਤਰ ਅਤੇ ਫ਼ਲਸਫ਼ੇ ਦੀਆਂ ਕਿਤਾਬਾਂ ਪੜ੍ਹਦੇ ਰਹਿੰਦੇ ਸਨ।

ਉਹ ਮੰਨਦੇ ਸਨ ਕਿ ਗਿਆਨ ਤੋਂ ਬਿਨਾਂ ਕ੍ਰਾਂਤੀ ਸੰਭਵ ਨਹੀਂ। ਉਹਨਾਂ ਨੇ ਕਈ ਲੇਖ ਵੀ ਲਿਖੇ ਜਿਨ੍ਹਾਂ ਵਿੱਚ ਉਹਨਾਂ ਨੇ ਸਮਾਜਿਕ ਅਤੇ ਰਾਜਨੀਤਿਕ ਮਸਲਿਆਂ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ।
ਨੌਜਵਾਨਾਂ ਲਈ ਇਹ ਸਿੱਖਿਆ ਹੈ ਕਿ ਉਹ ਪੜ੍ਹਾਈ ਨੂੰ ਗੰਭੀਰਤਾ ਨਾਲ ਲੈਣ। ਸਿਰਫ਼ ਡਿਗਰੀ ਲੈਣਾ ਹੀ ਕਾਫ਼ੀ ਨਹੀਂ, ਸਗੋਂ ਗਿਆਨ ਹਾਸਲ ਕਰਨਾ ਵੀ ਜ਼ਰੂਰੀ ਹੈ। ਕਿਤਾਬਾਂ ਪੜ੍ਹਨਾ ਮਨੁੱਖ ਦੀ ਸੋਚ ਨੂੰ ਵੱਡਾ ਬਣਾਉਂਦਾ ਹੈ ਅਤੇ ਉਸਨੂੰ ਸਹੀ ਫੈਸਲੇ ਲੈਣ ਦੇ ਯੋਗ ਬਣਾਉਂਦਾ ਹੈ।

### ਤਿਆਗ ਅਤੇ ਬਲਿਦਾਨ ਦੀ ਭਾਵਨਾ

ਭਗਤ ਸਿੰਘ ਨੇ ਆਪਣੇ ਦੇਸ਼ ਲਈ ਸਭ ਕੁਝ ਤਿਆਗ ਦਿੱਤਾ। ਉਹਨਾਂ ਨੇ ਆਪਣੇ ਪਰਿਵਾਰ, ਸੁਖ-ਸੁਵਿਧਾਵਾਂ ਅਤੇ ਜੀਵਨ ਦੀ ਪਰਵਾਹ ਨਹੀਂ ਕੀਤੀ। ਉਹ ਜਾਣਦੇ ਸਨ ਕਿ ਉਹਨਾਂ ਦਾ ਰਸਤਾ ਮੁਸ਼ਕਲ ਹੈ, ਪਰ ਫਿਰ ਵੀ ਉਹ ਉਸ 'ਤੇ ਡਟੇ ਰਹੇ।
ਜਦੋਂ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਤਦ ਵੀ ਉਹ ਡਰੇ ਨਹੀਂ। ਉਹ ਖੁਸ਼ੀ-ਖੁਸ਼ੀ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਗਏ ਅਤੇ "ਇਨਕਲਾਬ ਜ਼ਿੰਦਾਬਾਦ" ਦੇ ਨਾਅਰੇ ਲਗਾਉਂਦੇ ਰਹੇ।

ਅੱਜ ਦੇ ਨੌਜਵਾਨਾਂ ਲਈ ਇਹ ਸਬਕ ਹੈ ਕਿ ਵੱਡੇ ਮਕਸਦ ਲਈ ਕਈ ਵਾਰ ਤਿਆਗ ਕਰਨਾ ਪੈਂਦਾ ਹੈ। ਜੇ ਕੋਈ ਵਿਅਕਤੀ ਸਫਲ ਹੋਣਾ ਚਾਹੁੰਦਾ ਹੈ ਤਾਂ ਉਸਨੂੰ ਮਿਹਨਤ ਕਰਨੀ ਪਵੇਗੀ ਅਤੇ ਕਈ ਸੁਖਾਂ ਤੋਂ ਦੂਰ ਰਹਿਣਾ ਪਵੇਗਾ।

### ਸਮਾਜਿਕ ਬੁਰਾਈਆਂ ਦੇ ਖਿਲਾਫ਼ ਖੜ੍ਹੇ ਹੋਣਾ

ਭਗਤ ਸਿੰਘ ਸਿਰਫ਼ ਅੰਗਰੇਜ਼ਾਂ ਦੇ ਖਿਲਾਫ਼ ਹੀ ਨਹੀਂ ਸਨ, ਸਗੋਂ ਉਹ ਸਮਾਜ ਦੀਆਂ ਬੁਰਾਈਆਂ ਦੇ ਵੀ ਵਿਰੋਧੀ ਸਨ। ਉਹ ਧਰਮ ਦੇ ਨਾਮ 'ਤੇ ਹੋਣ ਵਾਲੀ ਨਫ਼ਰਤ ਅਤੇ ਭੇਦਭਾਵ ਦੇ ਖਿਲਾਫ਼ ਸਨ। ਉਹ ਚਾਹੁੰਦੇ ਸਨ ਕਿ ਭਾਰਤ ਵਿੱਚ ਸਭ ਲੋਕ ਬਰਾਬਰ ਹੋਣ ਅਤੇ ਕਿਸੇ ਨਾਲ ਵੀ ਅਨਿਆਇ ਨਾ ਹੋਵੇ।
ਨੌਜਵਾਨਾਂ ਨੂੰ ਵੀ ਸਮਾਜ ਵਿੱਚ ਫੈਲੀ ਬੁਰਾਈਆਂ ਜਿਵੇਂ ਭ੍ਰਿਸ਼ਟਾਚਾਰ, ਨਸ਼ਾ, ਜਾਤ-ਪਾਤ ਅਤੇ ਅਨਿਆਇ ਦੇ ਖਿਲਾਫ਼ ਖੜ੍ਹਾ ਹੋਣਾ ਚਾਹੀਦਾ ਹੈ। ਜਦੋਂ ਨੌਜਵਾਨ ਜਾਗਰੂਕ ਹੋਣਗੇ ਤਾਂ ਸਮਾਜ ਵਿੱਚ ਸੁਧਾਰ ਆ ਸਕਦਾ ਹੈ।

### ਅਨੁਸ਼ਾਸਨ ਅਤੇ ਦ੍ਰਿੜਤਾ

ਭਗਤ ਸਿੰਘ ਦੇ ਜੀਵਨ ਵਿੱਚ ਅਨੁਸ਼ਾਸਨ ਦੀ ਬਹੁਤ ਮਹੱਤਤਾ ਸੀ। ਉਹ ਆਪਣੇ ਕੰਮ ਨੂੰ ਬੜੀ ਯੋਜਨਾ ਅਤੇ ਸਾਵਧਾਨੀ ਨਾਲ ਕਰਦੇ ਸਨ। ਉਹ ਆਪਣੇ ਸਾਥੀਆਂ ਨਾਲ ਮਿਲ ਕੇ ਹਰ ਕਦਮ ਦੀ ਯੋਜਨਾ ਬਣਾਉਂਦੇ ਸਨ।
ਨੌਜਵਾਨਾਂ ਲਈ ਇਹ ਸਿੱਖਿਆ ਹੈ ਕਿ ਜੀਵਨ ਵਿੱਚ ਅਨੁਸ਼ਾਸਨ ਬਹੁਤ ਜ਼ਰੂਰੀ ਹੈ। ਸਮੇਂ ਦੀ ਪਾਬੰਦੀ, ਮਿਹਨਤ ਅਤੇ ਨਿਯਮਿਤਤਾ ਨਾਲ ਹੀ ਮਨੁੱਖ ਸਫਲ ਹੋ ਸਕਦਾ ਹੈ।

### ਨੌਜਵਾਨ ਸ਼ਕਤੀ ਦੀ ਮਹੱਤਤਾ

ਭਗਤ ਸਿੰਘ ਮੰਨਦੇ ਸਨ ਕਿ ਦੇਸ਼ ਦਾ ਭਵਿੱਖ ਨੌਜਵਾਨਾਂ ਦੇ ਹੱਥ ਵਿੱਚ ਹੁੰਦਾ ਹੈ। ਉਹਨਾਂ ਨੇ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਕਈ ਸੰਸਥਾਵਾਂ ਬਣਾਈਆਂ। ਉਹ ਚਾਹੁੰਦੇ ਸਨ ਕਿ ਨੌਜਵਾਨ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ।
ਅੱਜ ਵੀ ਨੌਜਵਾਨ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹਨ। ਜੇ ਨੌਜਵਾਨ ਸਹੀ ਦਿਸ਼ਾ ਵਿੱਚ ਮਿਹਨਤ ਕਰਨ ਤਾਂ ਦੇਸ਼ ਬਹੁਤ ਤੇਜ਼ੀ ਨਾਲ ਤਰੱਕੀ ਕਰ ਸਕਦਾ ਹੈ।

### ਨਸ਼ਿਆਂ ਤੋਂ ਦੂਰ ਰਹਿਣਾ

ਅੱਜ ਦੇ ਸਮੇਂ ਵਿੱਚ ਨਸ਼ਾ ਨੌਜਵਾਨਾਂ ਲਈ ਇੱਕ ਵੱਡੀ ਸਮੱਸਿਆ ਬਣ ਚੁੱਕੀ ਹੈ। ਕਈ ਨੌਜਵਾਨ ਆਪਣਾ ਭਵਿੱਖ ਨਸ਼ਿਆਂ ਕਰਕੇ ਬਰਬਾਦ ਕਰ ਰਹੇ ਹਨ।

ਭਗਤ ਸਿੰਘ ਦਾ ਜੀਵਨ ਸਾਫ਼-ਸੁਥਰਾ ਅਤੇ ਅਨੁਸ਼ਾਸਿਤ ਸੀ। ਉਹ ਆਪਣੇ ਸਰੀਰ ਅਤੇ ਮਨ ਨੂੰ ਮਜ਼ਬੂਤ ਬਣਾਉਣ 'ਤੇ ਧਿਆਨ ਦਿੰਦੇ ਸਨ।
ਇਸ ਲਈ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੀ ਤਾਕਤ ਨੂੰ ਚੰਗੇ ਕੰਮਾਂ ਵਿੱਚ ਲਗਾਉਣ।

### ਵਿਚਾਰਾਂ ਦੀ ਆਜ਼ਾਦੀ

ਭਗਤ ਸਿੰਘ ਖੁੱਲ੍ਹੀ ਸੋਚ ਵਾਲੇ ਵਿਅਕਤੀ ਸਨ। ਉਹ ਕਿਸੇ ਵੀ ਵਿਚਾਰ ਨੂੰ ਅੰਨ੍ਹੇਵਾਹ ਨਹੀਂ ਮੰਨਦੇ ਸਨ। ਉਹ ਹਰ ਗੱਲ ਨੂੰ ਤਰਕ ਅਤੇ ਸਮਝ ਨਾਲ ਦੇਖਦੇ ਸਨ।

ਨੌਜਵਾਨਾਂ ਨੂੰ ਵੀ ਇਹ ਸਿੱਖਣਾ ਚਾਹੀਦਾ ਹੈ ਕਿ ਉਹ ਆਪਣੇ ਵਿਚਾਰ ਖੁੱਲ੍ਹ ਕੇ ਰੱਖਣ, ਪਰ ਨਾਲ ਹੀ ਹੋਰਾਂ ਦੇ ਵਿਚਾਰਾਂ ਦਾ ਆਦਰ ਵੀ ਕਰਨ। ਵਿਚਾਰਾਂ ਦੀ ਆਜ਼ਾਦੀ ਸਮਾਜ ਨੂੰ ਅੱਗੇ ਵਧਾਉਂਦੀ ਹੈ।

### ਦੇਸ਼ ਦੀ ਤਰੱਕੀ ਲਈ ਯੋਗਦਾਨ

ਭਗਤ ਸਿੰਘ ਦਾ ਸੁਪਨਾ ਸੀ ਕਿ ਭਾਰਤ ਇੱਕ ਨਿਆਂਪੂਰਨ ਅਤੇ ਤਰੱਕੀਸ਼ੀਲ ਦੇਸ਼ ਬਣੇ। ਉਹ ਚਾਹੁੰਦੇ ਸਨ ਕਿ ਹਰ ਵਿਅਕਤੀ ਨੂੰ ਬਰਾਬਰ ਮੌਕੇ ਮਿਲਣ ਅਤੇ ਗਰੀਬੀ ਖਤਮ ਹੋਵੇ।

ਅੱਜ ਦੇ ਨੌਜਵਾਨ ਆਪਣੇ-ਆਪਣੇ ਖੇਤਰਾਂ ਵਿੱਚ ਮਿਹਨਤ ਕਰਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ। ਚਾਹੇ ਉਹ ਵਿਗਿਆਨ, ਖੇਤੀਬਾੜੀ, ਸਿੱਖਿਆ ਜਾਂ ਉਦਯੋਗ ਦਾ ਖੇਤਰ ਹੋਵੇ—ਹਰ ਜਗ੍ਹਾ ਨੌਜਵਾਨਾਂ ਦੀ ਭੂਮਿਕਾ ਮਹੱਤਵਪੂਰਨ ਹੈ।

੭ ਸ਼ਹੀਦ ਭਗਤ ਸਿੰਘ ਸਿਰਫ਼ ਇਕ ਕ੍ਰਾਂਤੀਕਾਰੀ ਨਹੀਂ ਸਨ, ਸਗੋਂ ਉਹ ਇਕ ਮਹਾਨ ਵਿਚਾਰਕ ਅਤੇ ਪ੍ਰੇਰਣਾਦਾਇਕ ਵਿਅਕਤੀ ਸਨ। ਉਹਨਾਂ ਦਾ ਜੀਵਨ ਸਾਨੂੰ ਦੇਸ਼ ਪ੍ਰੇਮ, ਹਿੰਮਤ, ਸਿੱਖਿਆ, ਤਿਆਗ ਅਤੇ ਸਮਾਜਿਕ ਨਿਆਂ ਦੀ ਸਿੱਖਿਆ ਦਿੰਦਾ ਹੈ।

ਅੱਜ ਦੇ ਨੌਜਵਾਨਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਭਗਤ ਸਿੰਘ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਜਦੋਂ ਨੌਜਵਾਨ ਇਮਾਨਦਾਰੀ ਨਾਲ ਮਿਹਨਤ ਕਰਨਗੇ, ਨਸ਼ਿਆਂ ਤੋਂ ਦੂਰ ਰਹਿਣਗੇ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਨਗੇ, ਤਦ ਹੀ ਭਾਰਤ ਇੱਕ ਮਜ਼ਬੂਤ ਅਤੇ ਤਰੱਕੀਸ਼ੀਲ ਦੇਸ਼ ਬਣ ਸਕੇਗਾ।

ਭਗਤ ਸਿੰਘ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਇਕ ਵਿਅਕਤੀ ਵੀ ਆਪਣੇ ਦ੍ਰਿੜ ਨਿਸ਼ਚੇ ਅਤੇ ਹਿੰਮਤ ਨਾਲ ਇਤਿਹਾਸ ਬਦਲ ਸਕਦਾ ਹੈ। ਉਹਨਾਂ ਦੀ ਕੁਰਬਾਨੀ ਸਾਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।

ਇਸ ਲਈ ਹਰ ਨੌਜਵਾਨ ਨੂੰ ਚਾਹੀਦਾ ਹੈ ਕਿ ਉਹ ਭਗਤ ਸਿੰਘ ਦੇ ਵਿਚਾਰਾਂ ਤੋਂ ਪ੍ਰੇਰਣਾ ਲੈ ਕੇ ਆਪਣੇ ਜੀਵਨ ਨੂੰ ਮਕਸਦ ਵਾਲਾ ਬਣਾਵੇ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਵੇ।

# ਖਿੜਨ ਦਾ ਆਪਣਾ ਵਕਤ

ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ ' ਰਾਵੀ '

ਕੁਦਰਤ ਦੀ ਹਰ ਰਚਨਾ ਆਪਣੇ ਆਪ ਵਿੱਚ ਵਿਲੱਖਣ ਹੈ। ਜੇਕਰ ਅਸੀਂ ਬਗੀਚੇ ਵਿੱਚ ਲੱਗੇ ਫੁੱਲਾਂ ਨੂੰ ਧਿਆਨ ਨਾਲ ਦੇਖੀਏ, ਤਾਂ ਸਮਝ ਆਉਂਦਾ ਹੈ ਕਿ ਹਰ ਫੁੱਲ ਦੇ ਖਿੜਨ ਦਾ ਇੱਕ ਨਿਸ਼ਚਿਤ ਸਮਾਂ ਅਤੇ ਆਪਣਾ ਹੀ ਇੱਕ ਅੰਦਾਜ਼ ਹੁੰਦਾ ਹੈ। ਪਰ ਅੱਜ ਦੇ ਦੌਰ ਵਿੱਚ ਇਨਸਾਨ ਅਕਸਰ ਆਪਣੀ ਤੁਲਨਾ ਦੂਜਿਆਂ ਨਾਲ ਕਰਕੇ ਆਪਣੀ ਮਾਨਸਿਕ ਸ਼ਾਂਤੀ ਗੁਆ ਰਿਹਾ ਹੈ। ਇਸੇ ਸੰਦਰਭ ਵਿੱਚ ਇੱਕ ਬਹੁਤ ਹੀ ਸੁੰਦਰ ਬਿਰਤਾਂਤ ਸਾਡੇ ਸਾਹਮਣੇ ਆਉਂਦਾ ਹੈ।

ਇੱਕ ਬਹੁਤ ਹੀ ਸੁੰਦਰ ਬਗੀਚੇ ਵਿੱਚ ਦੋ ਪੌਦੇ ਇਕੱਠੇ ਉੱਗੇ। ਇੱਕ ਗੁਲਾਬ ਦਾ ਸੀ ਅਤੇ ਦੂਜਾ ਬ੍ਰਹਮਕਮਲ ਦਾ। ਗੁਲਾਬ ਨੇ ਬਹੁਤ ਤੇਜ਼ੀ ਨਾਲ ਵਾਧਾ ਕੀਤਾ। ਕੁਝ ਹੀ ਹਫ਼ਤਿਆਂ ਵਿੱਚ ਉਸ 'ਤੇ ਲਾਲ ਸੁਰਖ ਫੁੱਲ ਖਿੜ ਗਏ। ਬਗੀਚੇ ਵਿੱਚ ਆਉਣ ਵਾਲਾ ਹਰ ਇਨਸਾਨ ਗੁਲਾਬ ਦੀ ਸੁੰਦਰਤਾ ਦੀ ਤਾਰੀਫ਼ ਕਰਦਾ। ਗੁਲਾਬ ਨੂੰ ਆਪਣੀ ਇਸ ਜਲਦੀ ਮਿਲੀ ਸਫਲਤਾ 'ਤੇ ਮਾਣ ਹੋ ਗਿਆ।

ਦੂਜੇ ਪਾਸੇ, ਬ੍ਰਹਮਕਮਲ ਦਾ ਪੌਦਾ ਅਜੇ ਸਿਰਫ਼ ਹਰਾ ਹੀ ਸੀ। ਉਸ 'ਤੇ ਨਾ ਕੋਈ ਕਲੀ ਸੀ ਅਤੇ ਨਾ ਹੀ ਕੋਈ ਫੁੱਲ। ਇੱਕ ਦਿਨ ਗੁਲਾਬ ਨੇ ਬ੍ਰਹਮਕਮਲ ਨੂੰ ਕਿਹਾ ਕਿ ਉਹ ਬੇਕਾਰ ਹੈ ਕਿਉਂਕਿ ਉਹ ਦੁਨੀਆ ਨੂੰ ਕੁਝ ਦੇ ਨਹੀਂ ਰਿਹਾ। ਬ੍ਰਹਮਕਮਲ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ ਕਿ ਕੁਦਰਤ ਨੇ ਹਰ ਕਿਸੇ ਲਈ ਵੱਖਰਾ ਵਕਤ ਤੈਅ ਕੀਤਾ ਹੈ ਅਤੇ ਉਹ ਸਿਰਫ਼ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ।

ਕਈ ਮਹੀਨੇ ਬੀਤ ਗਏ। ਗੁਲਾਬ ਦੇ ਫੁੱਲ ਕਈ ਵਾਰ ਖਿੜੇ ਅਤੇ ਮੁਰਝਾ ਗਏ, ਪਰ ਬ੍ਰਹਮਕਮਲ 'ਤੇ ਕੋਈ ਹਲਚਲ ਨਹੀਂ ਸੀ। ਪਰ ਬ੍ਰਹਮਕਮਲ ਨਿਰਾਸ਼ ਨਹੀਂ ਹੋਇਆ। ਉਸ ਨੇ ਇਸ ਸਮੇਂ ਦੌਰਾਨ ਆਪਣੀਆਂ ਜੜ੍ਹਾਂ ਨੂੰ ਜ਼ਮੀਨ ਵਿੱਚ ਹੋਰ ਡੂੰਘਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਉਹ ਭਵਿੱਖ ਵਿੱਚ ਇੱਕ ਵੱਡੇ ਬਦਲਾਅ ਲਈ ਤਿਆਰ ਹੋ ਸਕੇ।

ਅਖੀਰ ਇੱਕ ਸਾਲ ਬਾਅਦ, ਇੱਕ ਚਾਂਦਨੀ ਰਾਤ ਨੂੰ ਬ੍ਰਹਮਕਮਲ ਦੇ ਪੌਦੇ ਵਿੱਚ ਹਲਚਲ ਹੋਈ। ਇੱਕ ਬਹੁਤ ਹੀ ਮਨਮੋਹਕ ਖੁਸ਼ਬੂ ਪੂਰੇ ਬਗੀਚੇ ਵਿੱਚ ਫੈਲ ਗਈ। ਸਫੇਦ ਰੰਗ ਦੀਆਂ ਪੰਖੁੜੀਆਂ ਜਿਵੇਂ ਚੰਦ ਦੀ ਰੌਸ਼ਨੀ ਨੂੰ ਆਪਣੇ ਅੰਦਰ ਸਮੇਟ ਰਹੀਆਂ ਹੋਣ। ਜਦੋਂ ਉਹ ਪੂਰੀ ਤਰ੍ਹਾਂ ਖਿੜਿਆ, ਤਾਂ ਉਸ ਦੀ ਸ਼ਾਹੀ ਸੁੰਦਰਤਾ ਅੱਗੇ ਬਾਕੀ ਸਾਰੇ ਫੁੱਲ ਫਿੱਕੇ ਪੈ ਗਏ। ਲੋਕਾਂ ਦੀਆਂ ਲਾਈਨਾਂ ਲੱਗ ਗਈਆਂ ਅਤੇ ਗੁਲਾਬ, ਜੋ ਕੱਲ੍ਹ ਤੱਕ ਹੰਕਾਰ ਵਿੱਚ ਸੀ, ਹੈਰਾਨ ਰਹਿ ਗਿਆ। ਉਸ ਨੂੰ ਅਹਿਸਾਸ ਹੋਇਆ ਕਿ ਜਿਸ ਚੀਜ਼ ਲਈ ਸਬਰ ਕੀਤਾ ਜਾਂਦਾ ਹੈ, ਉਸ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਹੁੰਦਾ ਹੈ।

ਇਹ ਕਹਾਣੀ ਸਾਡੇ ਅਸਲ ਜੀਵਨ ਦਾ ਸ਼ੀਸ਼ਾ ਹੈ। ਅਸੀਂ ਅਕਸਰ ਆਪਣੇ ਸਾਥੀਆਂ, ਦੋਸਤਾਂ ਜਾਂ ਰਿਸ਼ਤੇਦਾਰਾਂ ਦੀ ਤਰੱਕੀ ਦੇਖ ਕੇ ਦਬਾਅ ਮਹਿਸੂਸ ਕਰਨ ਲੱਗਦੇ ਹਾਂ। ਸਾਨੂੰ ਲੱਗਦਾ ਹੈ ਕਿ ਅਸੀਂ ਪਿੱਛੇ ਰਹਿ ਗਏ ਹਾਂ। ਪਰ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਵਿਅਕਤੀ ਦਾ ਜੀਵਨ ਚੱਕਰ ਵੱਖਰਾ ਹੈ। ਕੋਈ 22 ਸਾਲ ਦੀ ਉਮਰ ਵਿੱਚ ਗ੍ਰੈਜੁਏਟ ਹੋ ਕੇ 30 ਸਾਲ ਤੱਕ ਨੌਕਰੀ ਦੀ ਉਡੀਕ ਕਰਦਾ ਹੈ, ਅਤੇ ਕੋਈ 25 ਸਾਲ ਦੀ ਉਮਰ ਵਿੱਚ ਸਫਲ ਉਦਯੋਗਪਤੀ ਬਣ ਜਾਂਦਾ ਹੈ।

ਤੁਲਨਾ ਹਮੇਸ਼ਾ ਦੁੱਖ ਪੈਦਾ ਕਰਦੀ ਹੈ। ਜੇਕਰ ਗੁਲਾਬ ਜਲਦੀ ਖਿੜਦਾ ਹੈ, ਤਾਂ ਉਹ ਜਲਦੀ ਮੁਰਝਾ ਵੀ ਜਾਂਦਾ ਹੈ। ਜੇਕਰ ਬ੍ਰਹਮਕਮਲ ਦੇਰ ਨਾਲ ਖਿੜਦਾ ਹੈ, ਤਾਂ ਉਹ ਇੱਕ ਖਾਸ ਅਤੇ ਯਾਦਗਾਰ ਅੰਦਾਜ਼ ਵਿੱਚ ਸਾਹਮਣੇ ਆਉਂਦਾ ਹੈ। ਸਾਨੂੰ ਆਪਣੀ ਤੁਲਨਾ ਦੂਜਿਆਂ ਨਾਲ ਕਰਨ ਦੀ ਬਜਾਏ ਆਪਣੀਆਂ ਜੜ੍ਹਾਂ (ਮਿਹਨਤ ਅਤੇ ਸੰਸਕਾਰਾਂ) ਨੂੰ ਮਜ਼ਬੂਤ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ। ਜਦੋਂ ਤੁਹਾਡਾ ਵਕਤ ਆਵੇਗਾ, ਤੁਹਾਡਾ ਨਤੀਜਾ ਵੀ ਉਨਾ ਹੀ ਖੂਬਸੂਰਤ ਹੋਵੇਗਾ।

# ਰਾਜ ਦੇ ਕ੍ਰਿਸ਼ਮੇ ਨੂੰ ਕਦੋਂ ਸਮਝਣਗੇ ਸਿੱਖ...?

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪਤਾ ਨਹੀਂ ਸਾਡੇ ਸਿੱਖ ਜੋ ਰਾਜ ਦੀ ਤਾਕਤ, ਸ਼ਕਤੀ ਅਤੇ ਕ੍ਰਿਸ਼ਮੇ ਨੂੰ ਕਦੋਂ ਸਮਝਣਗੇ! ਜਿਹੜੇ ਸਮੇਂ 'ਚ ਸ਼੍ਰੋਮਣੀ ਕਮੇਟੀ ਹੋਂਦ 'ਚ ਆਈ, ਓਦੋਂ ਕੁ ਹੀ ਆਰ ਐਸ ਐਸ ਬਣੀ ਸੀ। ਪਰ ਅੱਜ ਸ਼੍ਰੋਮਣੀ ਕਮੇਟੀ ਦੇ ਹਾਲਾਤ ਬਦਤਰ ਨੇ, ਤੇ ਆਰ ਐਸ ਐਸ ਬੇਹੱਦ ਮਜ਼ਬੂਤ ਹੋ ਚੁੱਕੀ ਹੈ। ਸਿੱਧਾ ਜਿਹਾ ਕਾਰਨ ਹੈ ਕਿ 1947 'ਚ ਹਿੰਦੂਆਂ ਦੇ ਹੱਥ ਤਾਕਤ ਆ ਗਈ, ਹਿੰਦੁਸਤਾਨ ਅਜ਼ਾਦ ਹੋ ਗਿਆ ਤੇ ਸਿੱਖ 1849 'ਚ ਖੁੱਸਿਆ ਰਾਜ ਮੁੜ ਪ੍ਰਾਪਤ ਨਹੀਂ ਕਰ ਸਕੇ, ਉਲਟਾ ਭਾਰਤ ਦੀ ਅਜ਼ਾਦੀ ਸਮੇਂ ਪੰਜਾਬ ਦੋ ਹਿੱਸਿਆਂ 'ਚ ਵੰਡਿਆ ਗਿਆ ਤੇ ਗੋਰਿਆਂ ਦੀ ਗ਼ੁਲਾਮੀ 'ਚੋਂ ਨਿਕਲ ਕੇ ਸਿੱਖ, ਹਿੰਦੂਤਵ ਦੀ ਗ਼ੁਲਾਮੀ 'ਚ ਫਸ ਗਏ।

ਰਾਜ ਦੀ ਤਾਕਤ ਨਾਲ ਆਰ ਐਸ ਐਸ ਨੇ ਦਿਨੋਂ-ਦਿਨ ਆਪਣੀ ਤਾਕਤ-ਸ਼ਕਤੀ ਵਧਾਈ। ਉਹਨਾਂ ਨੇ ਕਾਇਰ ਤੇ ਡਰਪੋਕ ਹਿੰਦੂਆਂ 'ਚ ਹਿੰਦੂ ਜਜ਼ਬਾ ਪੈਦਾ ਕੀਤਾ ਤੇ ਸਿੱਖਾਂ ਸਮੇਤ ਘੱਟ-ਗਿਣਤੀ ਕੌਮਾਂ ਨੂੰ ਕੁਚਲਿਆ। ਸਿੱਖਾਂ ਦੇ ਗੁਰਦੁਆਰੇ ਢਾਹੇ, ਸਿਰਕੱਢ ਜਰਨੈਲ ਸ਼ਹੀਦ ਕੀਤੇ, ਸੰਘਰਸ਼ੀ ਯੋਧੇ ਜੇਲ੍ਹਾਂ 'ਚ ਤਾੜੇ, ਸੰਸਥਾਵਾਂ ਨੂੰ ਤਬਾਹ ਕੀਤਾ ਅਤੇ ਧਾਰਮਿਕ ਤੇ ਸਿਆਸੀ ਆਗੂਆਂ ਨੂੰ ਆਪਣੇ ਅਧੀਨ ਕਰ ਲਿਆ। ਭਾਰਤ ਦੀ ਸੱਤਾ ਉੱਤੇ ਅੱਜ ਆਰ ਐਸ ਐਸ ਕਾਬਜ ਹੈ, ਆਰ ਐਸ ਐਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਦੀ ਤਿੰਨ-ਚਾਰ ਵਾਰ ਕੇਂਦਰ 'ਚ ਸਰਕਾਰ ਬਣ ਚੁੱਕੀ ਹੈ। ਭਾਵੇਂ ਕਿ ਸਿੱਖਾਂ ਦੀ ਰਾਜਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਪੰਜਾਬ 'ਚ ਕਈ ਵਾਰ ਸਰਕਾਰਾਂ ਬਣਾਈਆਂ ਪਰ ਇਹ ਕੇਂਦਰ 'ਚ ਬੈਠੇ ਹਿੰਦੂ ਹਾਕਮਾਂ ਦੇ ਰਹਿਮੋ-ਕਰਮ 'ਤੇ ਹੀ ਰਹੀਆਂ। ਸੰਨ 1995 ਤੋਂ ਪਹਿਲਾਂ ਬਣੀਆਂ ਅਕਾਲੀ ਦਲ ਦੀਆਂ ਸਰਕਾਰਾਂ ਨੂੰ ਤਾਂ ਭਾਰਤੀ ਹਾਕਮ ਭੰਗ ਕਰ ਦਿੰਦੇ ਰਹੇ, ਤੇ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ 1996 ਵਿੱਚ ਭਾਜਪਾ ਨਾਲ ਸਮਝੌਤਾ ਕਰ ਲਿਆ ਤਾਂ ਸੰਘੀਆਂ ਦੇ ਸਹਿਯੋਗ ਨਾਲ ਬਣੀਆਂ ਅਕਾਲੀ ਦਲ ਦੀਆਂ ਸਰਕਾਰਾਂ ਸਿੱਖ ਕੌਮ ਤੇ ਪੰਜਾਬ ਲਈ ਕੁਝ ਨਾ ਕਰ ਸਕੀਆਂ।

ਹਾਲਾਂਕਿ ਬਾਦਲ ਪਰਿਵਾਰ ਤੇ ਹੋਰ ਅਖੌਤੀ ਅਕਾਲੀ ਆਗੂਆਂ ਨੇ ਆਪਣੀਆਂ ਨਿੱਜੀ ਜਾਇਦਾਦਾਂ ਤਾਂ ਬਥੇਰੀਆਂ ਬਣਾ ਲਈਆਂ, ਵਿਕਾਸ ਦੀਆਂ ਗੱਲਾਂ ਕਰਕੇ ਪੰਥਕ ਹੱਕਾਂ ਤੇ ਕੌਮੀ ਅਜ਼ਾਦੀ ਦੇ ਸੰਘਰਸ਼ ਦਾ ਵੀ ਭੋਗ ਪਾਇਆ, 'ਰਾਜ ਨਹੀਂ ਸੇਵਾ' ਦੇ ਨਾਂ ਹੇਠ ਰੱਜ ਕੇ ਪੰਜਾਬ ਨੂੰ ਲੁੱਟਿਆ-ਕੁੱਟਿਆ, ਕਿਸਾਨੀ ਨੂੰ ਖ਼ੁਦਕੁਸ਼ੀਆਂ ਦੇ ਰਾਹ ਅਤੇ ਨੌਜਵਾਨੀ ਨੂੰ ਨਸ਼ਿਆਂ ਦੇ ਰਾਹ 'ਤੇ ਪਾ ਦਿੱਤਾ। ਬਾਦਲਾਂ ਨੂੰ ਇਹ ਫ਼ਿਕਰ ਪਿਆ ਰਹਿੰਦਾ ਸੀ ਕਿ ਆਰ ਐਸ ਐਸ, ਹਿੰਦੂਤਵੀਏ ਤੇ ਭਾਜਪਾ ਨਹੀਂ ਨਰਾਜ਼ ਹੋਣੀ ਚਾਹੀਦੀ, ਸਿੱਖ ਭਾਵੇਂ ਮਾਰਨੇ-ਕੁੱਟਣੇ ਪੈਣ।

ਬਾਦਲਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਵਿਗਾੜ ਦਿੱਤਾ, ਸ਼੍ਰੋਮਣੀ ਕਮੇਟੀ ਨੂੰ ਸਿੱਖ ਕੌਮ ਦੇ ਸੁਨਹਿਰੇ ਭਵਿੱਖ ਲਈ ਕੋਈ ਸੁਚੱਜਾ ਕੰਮ ਨਾ ਕਰਨ ਦਿੱਤਾ, ਜਥੇਦਾਰਾਂ-ਪ੍ਰਧਾਨਾਂ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਵਰਤਿਆ, ਬਾਬੇ ਧੁੰਮੇ ਨੂੰ ਵੀ ਪਟਾਰੀ 'ਚ ਪਾ ਕੇ ਦਮਦਮੀ ਟਕਸਾਲ ਰੋਲ ਦਿੱਤੀ, ਚੀਫ਼ ਖ਼ਾਲਸਾ ਦੀਵਾਨ 'ਤੇ ਵੀ ਕਬਜ਼ਾ ਕੀਤਾ, ਖ਼ਾਲਸਾ ਪੰਥ ਦੀ ਜੰਗੀ ਫ਼ੌਜ ਬੁੱਢਾ ਦਲ ਤੇ ਤਰਨਾ ਦਲ ਨੂੰ ਵੀ ਇਸੇ ਚੱਕਰ 'ਚ ਪਾਈ ਰੱਖਿਆ ਕਿ ਹੁਣ ਸੰਘਰਸ਼ ਤੇ ਜੰਗਾਂ ਕਰਨ ਦੀ ਕੀ ਲੋੜ ਹੈ, ਪੰਜਾਬ ਵਿੱਚ ਤਾਂ ਆਪਣੀ ਪੰਥਕ ਸਰਕਾਰ ਹੈ।

ਬਾਦਲ ਨੇ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਵੀ ਕਈ ਧੜਿਆਂ 'ਚ ਵੰਡਵਾ ਦਿੱਤਾ ਤੇ ਇਹਨਾਂ ਇੱਕ ਦਰਜ਼ਨ ਪ੍ਰਧਾਨਾਂ ਦੇ ਅੱਗੇ ਸ਼੍ਰੋਮਣੀ ਕਮੇਟੀ ਦੀ ਮੈਂਬਰੀ, ਚੇਅਰਮੈਨੀ ਤੇ ਵਿਧਾਇਕ ਬਣਨ ਦੀਆਂ ਬੁਰਕੀਆਂ ਸੁੱਟ ਦਿੱਤੀਆਂ ਤੇ ਮੱਤ ਦਿੱਤੀ ਕਿ "ਮੁੰਡਿਓ! ਛੱਡ ਦਿਓ ਸੰਤ ਜਰਨੈਲ ਸਿੰਘ ਵਾਲਾ ਰਾਹ, ਸਰਕਾਰ 'ਚ ਆਓ ਕੁਰਸੀਆਂ ਮਾਣੋ, ਐਸ਼ਾਂ ਕਰੋ ਤੇ ਨਜ਼ਾਰੇ ਲਵੋ, ਐਵੇਂ ਨਾਹਰੇ ਲਾ ਕੇ ਪੁਲਿਸ ਦੀਆਂ ਕੁੱਟਾਂ ਖਾਂਦੇ ਫਿਰਦੇ ਓ।"

ਹਾਲਾਤ ਏਦਾਂ ਦੇ ਬਣਾਏ ਗਏ ਕਿ ਕੌਮੀ ਸੋਚ ਨੂੰ ਤਿਆਗੋ ਤੇ 'ਦਿੱਲੀ ਦੇ ਬੀਬੇ ਪੁੱਤ' ਬਣ ਕੇ ਰਹੋ, ਗਰਮ ਗੱਲਾਂ ਬੰਦ ਕਰੋ। ਗਲ 'ਚ ਪਵਾਓ ਸ਼ੇਰਾਂ ਵਾਲੀ ਮਾਤਾ ਦੀਆਂ ਚੁੰਨੀਆਂ ਤੇ ਜਗਰਾਤਿਆਂ ਵਿੱਚ ਭੇਟਾ ਗਾ ਕੇ ਹਿੰਦੂਆਂ ਨੂੰ ਅਹਿਸਾਸ ਕਰਾਓ ਕਿ "ਸਾਡੇ ਵਿੱਚੋਂ ਸਿੱਖੀ ਮੁੱਕ ਚੁੱਕੀ ਹੈ, ਸਾਨੂੰ ਕੇਸਾਧਾਰੀ ਹਿੰਦੂ ਸਮਝੋ, ਅਸੀਂ ਤਿਲਕ ਲਵਾਉਣ ਨੂੰ, ਸ਼ਿਵਲਿੰਗ ਪੂਜਣ ਨੂੰ, ਪੱਗਾਂ ਉਤੇ ਮੁਕਟ ਪਹਿਨਣ ਨੂੰ, ਮਤਲਬ ਤੁਹਾਡੇ ਲਈ ਸਭ ਕੁਝ ਕਰਨ ਨੂੰ ਤਿਆਰ ਹਾਂ।

ਫਿਰ ਕੀ ਸੀ, ਭੁੱਲ ਗਿਆ ਸਿੱਖ ਵੱਖਰੀ ਕੌਮ ਦਾ ਨਾਹਰਾ, ਸ੍ਰੀ ਅਨੰਦਪੁਰ ਸਾਹਿਬ ਦਾ ਮਤਾ, ਜੇਲ੍ਹਾਂ 'ਚ ਕੈਦ ਬੰਦੀ ਸਿੰਘ, ਖੋਹੇ ਹੋਏ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀਆਂ ਦੀ ਲੁੱਟ, ਚੰਡੀਗੜ੍ਹ ਰਾਜਧਾਨੀ, ਵੱਧ ਅਧਿਕਾਰਾਂ ਦੀ ਗੱਲ, ਸ੍ਰੀ ਦਰਬਾਰ ਸਾਹਿਬ 'ਤੇ ਹਮਲਾ, ਝੂਠੇ ਪੁਲਿਸ ਮੁਕਾਬਲੇ, ਨਵੰਬਰ 1984 ਦੀ ਨਸਲਕੁਸ਼ੀ ਅਤੇ ਪੰਥ ਤੇ ਪੰਜਾਬ ਦੇ ਹੋਰ ਮੁੱਦੇ।

ਫਿਰ ਤਾਂ ਬਾਦਲਕਿਆਂ ਨਾਲ ਗੁਰੂ ਸਾਹਿਬਾਨਾਂ ਦੀਆਂ ਸ਼ਤਾਬਦੀ ਦਿਹਾੜਿਆਂ ਉਤੇ ਭਾਜਪਾ/ਆਰ ਐਸ ਐਸ ਦੇ ਆਗੂ ਮੋਹਰੇ ਹੋ ਕੇ ਬੈਠੇ ਹੁੰਦੇ ਸੀ ਅਤੇ ਸਰਦਾਰ ਸਿਮਰਨਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਸਤਨਾਮ ਸਿੰਘ ਪਾਉਂਟਾ ਸਾਹਿਬ, ਭਾਈ ਸਰਬਜੀਤ ਸਿੰਘ ਘੁਮਾਣ, ਭਾਈ ਮੋਹਕਮ ਸਿੰਘ, ਭਾਈ ਬਲਵੰਤ ਸਿੰਘ ਗੋਪਾਲਾ ਆਦਿ ਪੰਥਕ ਸਿੰਘਾਂ ਦੇ ਡਾਂਗਾਂ ਮਾਰਨ, ਤਸ਼ੱਦਦ ਕਰਨ ਲਈ ਅਖੌਤੀ ਅਕਾਲੀ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਗੁੰਡਾ ਫੋਰਸ ਹੀ ਤਿਆਰ ਬਰ ਤਿਆਰ ਖੜ੍ਹੀ ਹੁੰਦੀ ਸੀ।

ਭਾਜਪਾ ਵਾਲੇ ਬਾਦਲਕਿਆਂ ਦੇ ਸਾਹਮਣੇ ਸਿੱਖ ਗੁਰੂਆਂ ਅਤੇ ਸ਼ਹੀਦਾਂ-ਯੋਧਿਆਂ ਨੂੰ ਹਿੰਦੂ ਆਖ ਜਾਂਦੇ ਸਨ, ਰੱਜ ਕੇ ਤ੍ਰਿਸਕਾਰ ਕਰਦੇ ਸਨ, ਇਤਿਹਾਸ ਵਿਗਾੜ ਜਾਂਦੇ ਸਨ ਪਰ ਮਜ਼ਾਲ ਹੈ ਕਿ ਅਕਾਲੀਆਂ ਵਿੱਚੋਂ ਕੋਈ ਬੋਲ ਜਾਵੇ, ਜੇ ਸੰਗਤ ਵਿੱਚ ਬੈਠਾ ਕੋਈ ਗੁਰੂ ਕਾ ਸਿੰਘ ਉੱਠ ਕੇ ਰੋਸ ਜਿਤਾਉਣ ਲੱਗਦਾ ਤਾਂ ਕਹਿੰਦੇ-ਕਹਾਉਂਦੇ ਅਕਾਲੀਆਂ ਵਿੱਚ ਵੀ ਬੁੱਚੜ ਪੁਲਸੀਆਂ ਦੀ ਬਦਕਾਰ ਰੂਹ ਆ ਜਾਂਦੀ ਸੀ।

ਭਾਜਪਾ ਦੇ ਪਿੱਛੇ ਲੱਗ ਕੇ ਅਖੌਤੀ ਅਕਾਲੀਆਂ ਨੇ ਪੰਥ ਨਾਲ ਵਿਗਾੜ ਲਈ, ਇੱਕ-ਇੱਕ ਕਰਕੇ ਪੰਥ ਦੀਆਂ ਸੰਸਥਾਵਾਂ ਨੂੰ ਤਹਿਸ-ਨਹਿਸ ਕੀਤਾ। ਪੁਰਾਤਨ ਅਕਾਲੀ ਸਿਰਫ਼ ਇਤਿਹਾਸ ਦੀਆਂ ਕਿਤਾਬਾਂ ਵਿੱਚ ਰਹਿ ਗਏ ਜੋ ਸਿੱਖੀ ਰੰਗ ਵਿੱਚ ਰੰਗੇ ਹੋਏ ਸਨ ਜਿਨ੍ਹਾਂ ਨੂੰ ਪੰਥ ਲਈ ਜੂਝ ਮਰਨ ਦਾ ਚਾਅ ਹੁੰਦਾ ਸੀ ਤੇ ਹੁਣ ਵਾਲੇ ਅਕਾਲੀਆਂ ਵਿੱਚ ਤਾਂ ਹਿੰਦੂਤਵ ਬੋਲਦਾ ਹੈ ਤੇ ਗੰਧਲੀ ਸਿਆਸਤ ਦੀ ਬੋਅ ਆਉਂਦੀ ਹੈ।

ਕਦੀ ਸੋਚਿਓ ਕਿ ਸਾਡੇ ਕੋਲ ਦਮਦਮੀ ਟਕਸਾਲ, ਬੁੱਢਾ ਦਲ, ਤਰਨਾ ਦਲ, ਸ਼੍ਰੋਮਣੀ ਕਮੇਟੀ, ਅਕਾਲੀ ਦਲ, ਚੀਫ਼ ਖਾਲਸਾ ਦੀਵਾਨ, ਨਾਨਕਸਰੀਏ, ਅਖੰਡ ਕੀਰਤਨੀ ਜਥਾ ਅਤੇ ਹੋਰ ਬੇਸ਼ੁਮਾਰ ਸੰਸਥਾਵਾਂ ਹੋਣ ਦੇ ਬਾਵਜੂਦ ਵੀ ਅਸੀਂ ਖ਼ੁਆਰ ਕਿਉਂ ਹੋ ਰਹੇ ਹਾਂ! ਤੁਹਾਡੇ ਸਾਹਮਣੇ ਇੱਕ ਗੱਲ ਸਹਿਜੇ ਆਵੇਗੀ ਕਿ ਅਸੀਂ ਗ਼ੁਲਾਮ ਹਾਂ ਤੇ ਰਾਜ ਤੋਂ ਬਿਨਾਂ ਕੌਮਾਂ ਦੀ ਇਸੇ ਤਰ੍ਹਾਂ ਬੇਕਦਰੀ ਹੁੰਦੀ ਹੈ। ਹਰ ਸਿੱਖ ਨੂੰ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ, ਏਹੀ ਸਾਡੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਦਾ ਹੱਲ ਹੈ।

ਆਰ ਐਸ ਐਸ ਨੇ ਤਾਂ ਕੋਈ ਕੁਰਬਾਨੀ ਨਹੀਂ ਕੀਤੀ, ਸ਼ਹਾਦਤ ਨਹੀਂ ਦਿੱਤੀ, ਉਸ ਕੋਲ ਮਹਾਨ ਵਿਰਸਾ ਅਤੇ ਸ਼ਾਨਾਮੱਤਾ ਇਤਿਹਾਸ ਵੀ ਨਹੀਂ ਹੈ ਤੇ ਨਾ ਹੀ ਕੋਈ ਉੱਚ-ਪੱਧਰੀ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਵਾਲੀ ਵਿਚਾਰਧਾਰਾ ਹੈ ਪਰ ਇਸ ਦੇ ਬਾਵਜੂਦ ਵੀ ਉਹ ਕਾਮਯਾਬ ਹੈ ਕਿਉਂਕਿ 'ਜੀਹਦੀ ਕੋਠੀ ਦਾਣੇ ਓਹਦੇ ਕਮਲੇ ਵੀ ਸਿਆਣੇ।' ਪਰ ਸਿੱਖ ਕੌਮ ਕੋਲ ਸਭ ਕੁਝ ਹੋਣ ਦੇ ਬਾਵਜੂਦ ਵੀ ਅਸੀਂ ਰੁਲਦੇ-ਫਿਰਦੇ ਹਾਂ। "ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੇ।" ਜੇ ਰਾਜ ਹੈ ਤਾਂ ਧਰਮ ਤੇ ਸਮਾਜ ਸੁਰੱਖਿਅਤ ਹੈ, ਜੇ ਰਾਜ ਨਹੀਂ ਤਾਂ ਸਭ ਕੁਝ ਦਾਅ ਉਤੇ ਲੱਗਾ ਰਹੇਗਾ।